# ਦੀਨ ਦੁਖੀਆਂ ਦਾ ਦਰਦੀ : ਭਗਤ ਪੂਰਨ ਸਿੰਘ

1969 ਵਿਚ ਜਗਤ ਗੁਰੂ, ਗੁਰੂਨਾਨਕ ਪਾਤਸ਼ਾਹ ਦੀ ਪੰਜਵੀ ਸ਼ਤਾਬਦੀ ਸੰਸਾਰ ਭਰ ਵਿਚ ਬੜੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਈ ਗਈ । ਦੱਖਣਸ਼ਪੂਰਬੀ ਇੰਗਲੈਂਡ ਦੇ ਇਕ ਛੋਟੇ ਜਿਹੇ ਸ਼ਹਿਰ ਸਟਰੂਡ ਵਿਖੇ ਅਜਿਹੇ ਇੱਕ ਸਮਾਗਮ ਵਿਚ ਦਾਸ ਨੂੰ ਵੀ ਸ਼ਾਮਲ ਹੋਣ ਦਾ ਮੌਕਾ ਮਿਲਿਆ । ਉਸ ਸਮਾਗਮ ਵਿਚ, ਪਾਮੇਲਾ ਨਾਂ ਦੀ ਇਕ ਅੰਗਰੇਜ਼ ਬੀਬੀ, ਜੋ ਪੰਜਾਬ (ਭਾਰਤ) ਦੀ ਤਾਜ਼ਾ-ਤਾਜ਼ਾ ਫੇਰੀ ਕਰਕੇ ਆਈ ਸੀ, ਨੇ ਅੰਗਰੇਜ਼ੀ ਵਿਚ ਸੱਚੇ ਪਾਤਸ਼ਾਹ ਨੂੰ ਆਪਣੀ ਸ਼ਰਧਾਜ਼ਲੀ ਭੇਟ ਕੀਤੀ । ਉਸ ਬੀਬੀ ਨੇ ਬੜੇ ਨਾਟਕੀ ਢੰਗ ਨਾਲ ਭਗਤ ਪੂਰਨ ਸਿੰਘ ਅਤੇ ਪਿੰਗਲਵਾੜੇ ਦਾ ਜ਼ਿਕਰ ਕਰਦਿਆਂ, ਸਿੱਖ ਸੰਗਤਾਂ ਨੂੰ ਇਸ ਪ੍ਰਤੀ ਆਪਣੀ ਅਣਗਹਿਲੀ ਦਾ ਅਹਿਸਾਸ ਕਰਵਾਉਣ ਹਿਤ, ਤਰਕ ਲਾਈ । ਦਾਸ ਦਾ ਹਿਰਦਾ ਵਿੰਨ੍ਹਿਆ ਗਿਆ । ਭਗਤ ਜੀ ਅਤੇ ਪਿੰਗਲਵਾੜੇ ਦੇ ਦਰਸ਼ਨਾਂ ਲਈ ਮਨ ਬਿਹਬਲ ਹੋ ਉੱਠਿਆ ।

1970 ਵਿਚ ਰੱਬ ਨੇ ਸਬੱਬ ਬਣਾਏ, ਮੇਰਾ ਦੇਸ਼ ਯਾਤਰਾ ਦਾ ਪ੍ਰੋਗਰਾਮ ਬਣ ਗਿਆ । ਸ਼ਚਰੀ ਵਿਛੁੰਨੇ ਪਿਤਾ ਜੀ, ਭੈਣ ਭਰਾਵਾਂ, ਰਿਸ਼ਤੇਦਾਰਾਂ ਅਤੇ ਜਿਗਰੀ ਯਾਰਾਂ ਨਾਲ, ਮੇਲਾਸ਼ਗੇਲਾ ਕਰਨ ਦਾ ਲਾਡਾਂ ਭਰਿਆ ਕਾਰਜ ਛੇਤੀ ਮੁਕਾ ਲਿਆ । ਆਪਣਿਆਂ ਨਾਲ ਮਿਲਕੇ, ਗੁਰੂਕੀ ਨਗਰੀ, ਸ੍ਰੀ ਅੰਮ੍ਰਿਤਸਰ ਪੁੱਜਾ । ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਕਰਨ ਪਿੱਛੋਂ, ਪੁੱਛਦਾ ਪੁਛਾਉਂਦਾ ਪਿੰਗਲਵਾੜੇ ਪੁੱਜਾ । ਇਕ ਬੁਜਰਗ, ਇਕ ਲੂਲ੍ਹੇ ਨੂੰ ਆਪਣੇ ਪੱਟਾਂ ਵਿਚ ਲਏ, ਇਕ ਸਚਿਆਰੀ ਮਾਂ ਵਾਂਗ ਲਾਡ ਲਡਾ ਅਤੇ ਦੁੱਧ ਪਿਆ ਰਹੇ ਸਨ । ਮੈਂ ਉਨ੍ਹਾਂ ਨੂੰ ਫ਼ਤਿਹ ਬੁਲਾਈ ਅਤੇ ਭਗਤ ਪੂਰਨ ਸਿੰਘ ਜੀ ਨੂੰ ਮਿਲਣ ਦੀ ਆਪਣੀ ਇੱਛਾ ਦਰਸਾਈ । ਉਨ੍ਹਾਂ ਆਪਣੇ ਰਸ ਭਿੰਨੜੇ ਨੈਣਾਂ ਨਾਲ, ਪ੍ਰੇਮ ਭਰੇ ਅੰਦਾਜ਼ ਵਿਚ ਮੇਰੇ ਵੱਲ ਤੱਕ ਕੇ ਕਿਹਾ, "ਦੱਸੋ, ਕੀ ਹੁਕਮ ਹੈ ?" ਬਸ ਫਿਰ ਕੀ ਸੀ, ਮੇਰੇ ਨੈਣ ਭਰ ਆਏ, ਮੈਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ । ਇਹੋ ਹੀ ਤਾਂ ਸਨ, ਦੀਨ-ਦੁੱਖੀਆਂ ਦੇ ਦਰਦੀ, ਭਗਤ ਪੂਰਨ ਸਿੰਘ ਜੀ ।

ਉਨ੍ਹਾਂ ਬੜੇ ਧੀਰਜ ਅਤੇ ਪਿਆਰ ਨਾਲ ਮੇਰੀ ਸੰਖੇਪ ਵਿਥਿਆ ਸੁਣੀ ਅਤੇ ਪਿੰਗਲਵਾੜੇ ਦੇ ਹੋਂਦ ਵਿਚ ਆਉਣ ਦੀ ਸਾਰੀ ਕਹਾਣੀ, ਗੁਰਦੁਆਰਾ ਡੇਹਰਾ ਸਾਹਿਬ ਲਾਹੌਰ, ਜਿਸ ਦੀ ਛਤਰ-ਛਾਇਆ ਹੇਠ ਉਨ੍ਹਾਂ 24 ਸਾਲ ਸੇਵਾ ਨਿਭਾਹੀ, ਤੋਂ ਲੈ ਕੇ ਅੱਜ ਤਕ ਵਿਸਥਾਰ ਪੂਰਬਕ ਸੁਣਾਈ । ਉਨ੍ਹਾਂ ਸਮਾਜ ਸੇਵਾ ਦੇ ਆਪਣੇ ਅੰਦਰਲੇ ਵਲਵਲੇ ਪਰਗਟ ਕਰਦਿਆਂ, ਪੂਰਨ ਪ੍ਰਿੰਟਿਗ ਪ੍ਰੈਸ ਵੀ ਦਿਖਾਇਆ । ਪਿੰਗਲਵਾੜੇ ਦੇ ਸਾਰੇ ਵਿੰਗਾਂ ਦਾ ਰਾਊਂਡ ਕਰਵਾ ਕੇ, ਬਿਲਡਿੰਗ ਅਤੇ ਸਾਧਨਾਂ ਦੀ ਭਾਰੀ ਥੁੜ੍ਹ ਤੋਂ ਜਾਣੂ ਕਰਵਾਇਆ । ਸਮੇਂ-ਸਮੇਂ ਮਨ ਭਰ ਆਓਂਦਾ ਰਿਹਾ, ਨੈਣੋਂ ਨੀਰ ਵਹਿੰਦਾ ਰਿਹਾ, ਜਿਸ ਨੇ ਅੰਦਰ ਦੀ ਕਾਫ਼ੀ ਮੈਲ ਧੋਅ ਸੁੱਟੀ । ਢਾਈ 'ਕੁ ਘੰਟੇ ਦੀ ਇਸ ਪਹਿਲੀ ਮਿਲਣੀ ਵਿਚ ਉਨ੍ਹਾਂ ਮੇਰੇ ਸੁੱਤੇ ਪਏ ਅੰਤਹਕਰਨ ਨੂੰ ਪੂਰੀ ਤਰ੍ਹਾਂ ਜਗਾ ਦਿੱਤਾ ਅਤੇ ਪ੍ਰੇਰਨਾ ਭਰਿਆ ਥਾਪੜਾ ਦੇ ਕੇ ਵਿਦਾ ਕੀਤਾ ।

ਭਗਤ ਜੀ ਦੀ ਸੁਭ ਪਰੇਰਨਾ ਸਦਕਾ, ਧੁਰ ਹਿਰਦਿਉਂ ਪ੍ਰਭਾਵਿਤ ਹੋ ਕੇ ਜਦ ਵਾਪਸ ਇੰਗਲੈਂਡ ਪਰਤਿਆਂ ਤਾਂ ਉਸੇ ਦਿਨ ਤੋਂ ਬਾਕਾਇਦਾ ਆਪਣਾ ਦਸਵੰਧ ਕਢੱਣਾ ਅਤੇ ਪਿੰਗਲਵਾੜੇ ਨੂੰ ਭੇਜਣਾ ਸ਼ੁਰੂਕਰ ਦਿੱਤਾ । ਗੁਰੂਨਾਨਕ ਦੇਵ ਜੀ ਮਹਾਰਾਜ ਦੇ 500 ਸਾਲਾ ਪ੍ਰਕਾਸ਼ ਉਤਸਵ ਵੇਲੇ, ਸਿੱਖ ਮਿਸ਼ਨਰੀ ਸੁਸਾਇਟੀ (ਯੂ.ਕੇ.) ਨਾਮੀ ਜਿਹੜੀ ਸੰਸਥਾ ਸਥਾਪਤ ਹੋਈ ਸੀ, ਉਨ੍ਹਾਂ ਆਪਣੇ ਵਿਧਾਨ ਦੇ ਖਰੜੇ ਨੂੰ ਅੰਤਮ ਰੂਪ ਦੇਣ ਲਈ ਗੁਰਦੁਆਰਾ ਸਾਹਿਬ ਸ਼ੈਪਰਡਜਬੁਸ਼ ਵਿਖੇ 9 ਮਈ, 1971 ਨੂੰ ਆਮ ਇਕੱਤਰਤਾ ਬੁਲਾਈ । ਦਾਸ ਨੇ ਉਸ ਮੀਟਿੰਗ ਵਿਚ ਭਗਤ ਪੂਰਨ ਸਿੰਘ ਜੀ ਦੀ ਲਗਨ ਅਤੇ ਕੁਰਬਾਨੀ ਸਦਕਾ, ਅੰਮ੍ਰਿਤਸਰ ਵਿਖੇ ਸਥਾਪਤ ਹੋਈ ਅਦੁਤੀ ਸੰਸਥਾ 'ਪਿੰਗਲਵਾੜਾ' ਪ੍ਰਤੀ ਆਪਣੇ ਜਜ਼ਬਾਤ ਪ੍ਰਗਟ ਕੀਤੇ । ਸਾਰੇ ਇਤਨੇ ਪ੍ਰਭਾਵਿਤ ਹੋਏ ਕਿ ਪਿੰਗਲਵਾੜਾ ਅੰਮ੍ਰਿਤਸਰ ਨੂੰ ਸਿੱਖ

ਮਿਸ਼ਨਰੀ ਸੁਸਾਇਟੀ (ਯੂ.ਕੇ.) ਦੀ ਸਮੁੱਚੀ ਸੰਪਤੀ ਦਾ ਵਾਰਸ, ਸਰਬ ਸੰਮਤੀ ਨਾਲ ਥਾਪਿਆ ਗਿਆ । ਸਮੂੰਹ ਸੰਗਤਾਂ ਦੀ ਜਾਣਕਾਰੀ ਅਤੇ ਦਿਲਚਸਪੀ ਲਈ, ਸੁਸਾਇਟੀ ਦੇ ਵਿਧਾਨ ਦੀ ਧਾਰਾ ਨੰਬਰ 11 ਦਾ ਸੰਬੰਧਤ ਪੈਰਾ ਹੇਠਾਂ ਦਿੱਤਾ ਜਾ ਰਿਹਾ ਹੈ ।

In the case of an extreme emergency, like that of a political upheaval or any other grave situation that necessitates the closure of the society, the five trustees and the management committee shall exercise their rights to sell by auction its entire property and the assets of the society shall then be taken over by "The Pingalwara" of grand trunk road, Amritsar, Punjab, India.

ਦੂਜੀ ਵਾਰ 1978 ਵਿਚ ਦਾਸ ਨੂੰ ਭਗਤ ਪੂਰਨ ਸਿੰਘ ਜੀ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ ਜਦੋਂ ਮੈਂ ਆਪਣੀ ਛੋਟੀ ਲੜਕੀ ਨਸੀਬਪਾਲ ਕੌਰ ਦੇ ਸੁਭ ਆਨੰਦ ਕਾਰਜ ਦੀ ਖੁਸ਼ੀ ਸਾਂਝੀ ਕਰਨ ਹਿਤ ਕੁਝ ਮਾਇਆ ਲੈਕੇ ਪਿੰਗਲਵਾੜੇ ਹਾਜ਼ਰ ਹੋਇਆ । ਤਦੋਂ ਭਗਤ ਜੀ ਨੇ ਬੜੇ ਦਾਈਏ ਭਰੇ ਲਹਿਜ਼ੇ ਵਿਚ, ਆਪਣਾ ਨਿਜੀ ਦਸਵੰਧ ਭੇਜਣ ਦੀ ਪ੍ਰਥਾ ਨੂੰ ਹੋਰਨਾਂ ਤਕ ਪਹੁੰਚਾਉਣ ਅਤੇ ਫੈਲਾਉਣ ਦੀ ਤਾੜਨਾ ਕੀਤੀ । ਮੈਨੂੰ ਮੰਗਣ ਦੀ ਬੜੀ ਝਿਜਕ ਸੀ । ਦਾਸ ਨੇ ਇੱਕ ਗੁਰਮੁਖ ਪਿਆਰੇ, ਪਰਉਪਕਾਰੀ ਸੱਜਣ, ਸਵਰਗਵਾਸੀ ਭਾਈ ਸਰਦਾਰਾ ਸਿੰਘ (ਪਿੰਡ ਨੰਗਲ ਮੱਝਾ) ਨਾਲ ਪਿੰਗਲਵਾੜੇ ਦੇ ਸੁਭ ਸਮਾਚਾਰ ਸਾਂਝੇ ਕੀਤੇ ਅਤੇ ਸੰਗਤਾਂ ਪਾਸੋਂ ਦਾਨ ਨ ਮੰਗ ਸਕਣ ਦੀ ਆਪਣੀ ਕਮਜ਼ੋਰੀ ਦੱਸੀ । ਉਹ ਜਲਾਲ ਵਿਚ ਆਏ ਅਤੇ ਖੂੰਡੀ ਫੜਕੇ ਉਗਰਾਹੀ ਲਈ ਮੇਰੇ ਨਾਲ ਤੁਰ ਪਏ । ਮੈਨੂੰ ਅਜਿਹੀ ਜਾਚ ਸਿਖਾਈ ਕਿ ਸਾਰੀ ਸੰਗ ਅਤੇ ਝਿਜਕ ਲਾਹ ਦਿੱਤੀ । ਤਦੋਂ ਤੋਂ ਲੈਕੇ ਹੁਣ ਤਕ 76 ਕਿਸ਼ਤਾਂ ਵਿਚ 239,700/ – ਪੌਂਡ ਭੇਜ ਚੁੱਕਾ ਹਾਂ ।

ਭਗਤ ਜੀ ਨਾਲ ਤੀਜੀ ਅਤੇ ਅੰਤਿਮ ਵਾਰੀ ਸਰੀਰਕ ਤੌਰ ਤੇ ਮਿਲਾਪ ਤਦੋਂ ਹੋਇਆ ਜਦੋਂ ਮੈਂ 1987 ਵਿਚ ਮਾਰਚ ਦੇ ਪਿਛਲੇ ਪੱਖ, ਆਪਣੀ ਉਗਰਾਹੀ ਦੀ 25ਵੀਂ ਕਿਸ਼ਤ ਦਸਤੀ ਲੈਕੇ ਅੰਮ੍ਰਿਤਸਰ ਹਾਜ਼ਰ ਹੋਇਆ । ਉਨ੍ਹਾਂ ਸੀਨੇ ਨਾਲ ਲਾਇਆ ਅਤੇ ਇਲਾਹੀ ਬਾਣੀ ਦੀ ਇਹ ਤੁਕ, ਵਜਦ ਵਿਚ ਬੋਲ ਕੇ ਅਸੀਸ ਦਿੱਤੀ, 'ਜਹ ਜਹ ਕਾਰ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ।।' ਗੁਰੂਦੇ ਅੰਗ ਸੰਗ ਹੋਣ ਦਾ ਇਹ ਅਹਿਸਾਸ ਮੈਨੂੰ ਹੁਣ ਡੋਲਣ ਨਹੀਂ ਦੇ ਰਿਹਾ ਅਤੇ ਆਪਣੀ ਅਗਵਾਈ ਕਰਕੇ ਸੇਵਾ ਲਈ ਜਾ ਰਿਹਾ ਹੈ । ਧੰਨ ਗੁਰ, ਧੰਨ ਭਗਤ ਜੀ, ਧੰਨ ਗੁਰਸਿੱਖ ਸੰਗਤਾਂ ਅਤੇ ਪ੍ਰੇਮੀ ਸੱਜਣ ਜਿਨ੍ਹਾਂ ਮੇਰੇ ਜਿਹੇ ਦਰਿਦਰੀ ਨੂੰ ਥਾਪੜਾ ਦੇ ਕੇ 'ਹਉ ਮੂਰਖ ਕਾਰੈ ਨਾਈਆ – ਦੇ ਮਹਾਂਵਾਕ ਅਨੁਸਾਰ ਕਾਰੇ ਲਾਇਆ ਹੋਇਆ ਹੈ ।

1987 ਦੀ ਮੁਲਾਕਾਤ ਸਮੇਂ ਮੇਰੇ ਬਚਪਨ ਦੇ ਜਿਗਰੀ ਦੋਸਤ ਸਰਦਾਰ ਪਵਿੱਤਰ ਸਿੰਘ ਡਿਪਟੀ ਡੀ। ਈ। ਓ ਫ਼ੀਰੋਜ਼ਪੁਰ ਵੀ ਮੇਰੇ ਨਾਲ ਸਨ । ਉਨ੍ਹਾਂ ਪਾਸ ਕੈਮਰਾ ਸੀ । ਭਗਤ ਜੀ ਨੇ ਬੜੇ ਚਾਅ ਨਾਲ ਉਨ੍ਹਾਂ ਨਾਲ ਇੱਕ ਫੋਟੋ ਖਿੱਚਵਾਈ ਜੋ ਮੇਰੇ ਲਈ ਇਕ ਯਾਦਗਾਰੀ ਫੋਟੋ ਹੈ । ਇਸ ਫੋਟੋ ਵਿਚ ਭਗਤ ਜੀ, ਆਪ ਬਾਟਾ ਫੜੀ ਪਿਆਰਾ ਸਿੰਘ ਦੇ ਪਿੱਛੇ, ਮੇਰੇ ਅਤੇ ਸਤਿਨਾਮ ਸਿੰਘ ਜੀ ਦੇ ਨਾਲ ਖੜੇ ਹਨ, ਪਿਛੋਕੜ ਵਿੱਚ ਪਿੰਗਲਵਾੜੇ ਦੀ ਮੁੱਖ ਇਮਾਰਤ ਹੈ ।

ਭਗਤ ਪੂਰਨ ਸਿੰਘ ਜੀ ਦੀ ਮਨੁੱਖਤਾ ਨੂੰ ਦੇਣ, ਨੋਬਲ ਪੀਸ ਪ੍ਰਾਈਜ਼ ਪ੍ਰਾਪਤ ਕਰਨ ਵਾਲੀ, ਈਸਾ ਮੱਤ ਦੀ ਮਦਰ ਟੇਰੇਸਾ (MOTHER TERESA) ਤੋਂ ਕਿਤੇ ਮਹਾਨ ਹੈ ਕਿਉਂਕਿ ਉਸ ਪਾਸ ਸਾਧਨ ਸਨ ਅਤੇ ਪਛੱਮੀ

ਸਰਕਾਰਾਂ ਦੀ ਹਮਾਇਤ ਹਾਸਿਲ ਸੀ । ਧੰਨ ਹਨ ਭਗਤ ਪੂਰਨ ਸਿੰਘ ਜੀ, ਜਿਨ੍ਹਾਂ ਆਪ ਲਗਨ, ਸਿਦਕ ਦਿਲੀ ਅਤੇ ਗੁਰੂਦੇ ਭਰੋਸੇ ਸਦਕਾ ਪਾਗਲ, ਅਪਾਹਜ਼, ਬਜ਼ੁਰਗ ਅਤੇ ਬੇਸ਼ਆਸਰਾ ਲੋਕਾਂ ਦੀ ਸੇਵਾ ਸੰਭਾਲ ਦਾ ਮਹਾਨ ਕਾਰਜ ਆਪਣੇ ਜ਼ਿੰਮੇ ਲਿਆ ਅਤੇ ਇਕ ਅਦੁੱਤੀ ਸੰਸਥਾ ਸਥਾਪਤ ਕਰ ਦਿੱਤੀ । ਇੱਥੇ ਹੀ ਬੱਸ ਨਹੀ, ਸੁਚੱਜੀ, ਸਚਿਆਰੀ ਅਤੇ ਸਦਾਚਾਰੀ ਜੀਵਨ ਸੇਧ ਦੇਣ ਵਾਲਾ ਲਿਟਰੇਚਰ ਛਾਪ ਕੇ ਆਮ ਲੋਕਾਂ ਤਕ ਪਹੁੰਚਾਇਆ । ਮੇਰੇ ਜਿਹੇ ਕਰਮਹੀਣ ਕੁੜਿਆਰ ਨੂੰ ਆਪਣੀ ਪਰੇਰਨਾ ਦਾ ਪਾਤਰ ਬਣਾ ਲੈਣਾ, ਉਨ੍ਹਾਂ ਦੀ ਚੁੰਬਕੀ ਸ਼ਖ਼ਸੀਅਤ ਦਾ ਕਮਾਲ ਹੈ । ਉਨ੍ਹਾਂ ਨੂੰ ਨਾ ਕਿਸੇ ਵਡਿਆਈ ਦੀ ਤਲਬ ਸੀ ਅਤੇ ਨਾ NOBEL PEACE PRIZE ਦੀ ਲੋਚਾ । ਉਹ ਤਾਂ ਬੱਸ ਆਪਣੀ ਲਗਨ ੋਚ ਮਗਨ ਮਸੀਹਾ ਸਨ । ਉਨ੍ਹਾਂ ਨੇ ਤਾਂ ਜੂਨ 1984 ਘੱਲੂਘਾਰੇ ਤੋਂ ਪੀੜ੍ਹਤ ਹੋਕੇ, ਰੋਸ ਵਜੋਂ, ਭਾਰਤੀ ਸਰਕਾਰ ਦਾ ਦਿੱਤਾ ਹੋਇਆ ਪੁਰਸਕਾਰ ਵੀ ਵਗਾਹ ਮਾਰਿਆ ਸੀ ।

ਭਾਵੇਂ ਭਗਤ ਜੀ 'ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ।।' ਦੇ ਮਹਾਂਵਾਕ ਅਨੁਸਾਰ ਦਰਗਾਹੀ ਸੱਦੇ ਆ ਜਾਣ ਕਰਦੇ 5 ਅਗਸਤ 1992 ਨੂੰ ਸਾਨੂੰ ਸਰੀਰਕ ਵਿਛੋੜਾ ਦੇ ਗਏ ਹਨ ਤਾਂ ਵੀ ਉਨ੍ਹਾਂ ਦੇ ਕਹੇ, ਲਿੱਖੇ ਅਨਮੋਲ ਬਚਨ ਸਦਾ ਅਗਵਾਈ ਕਰਦੇ ਰਹਿਣਗੇ । ਉਹ ਤਾਂ ਅਮਰ ਹੋ ਗਏ ਹਨ । ਭਗਤ ਜੀ ਵੱਲੋਂ ਆਰੰਭੇ ਗਏ ਲੋਕ ਭਲਾਈ ਅਤੇ ਸਮਾਜ ਸੇਵਾ ਦੇ ਕਿਸੇ ਪ੍ਰੋਗਰਾਮ ਵਿਚ ਘਾਟ ਨਾ ਆਉਣ ਦੇਣਾ ਬਲਕਿ ਪਹਿਲਾਂ ਨਾਲੋਂ ਵੀ ਚੜ੍ਹਦੀ ਕਲਾ ਵਿਚ ਲੈ ਜਾਣਾ ਹੀ ਭਗਤ ਜੀ ਨੂੰ ਸੱਚੀ ਸ਼ਰਧਾਜ਼ਲੀ ਹੋ ਸਕਦੀ ਹੈ । ਪਿੰਗਲਵਾੜੇ ਦੀ ਵਾਰਸ, ਭੈਣ ਡਾਕਟਰ ਇੰਦਰਜੀਤ ਕੌਰ ਜੀ ਪਾਸੋਂ ਦਾਈਏ ਭਰੀ ਆਸ ਰਖਦਾ ਹਾਂ ਕਿ ਉਹ ਸੰਸਥਾ ਦੇ ਸਮੁੱਚੇ ਪ੍ਰਬੰਧ ਦੁਆਰਾ ਸੇਵਕਾਂ ਦਾ ਵਿਸ਼ਵਾਸ ਬਣਾਈ ਰੱਖਣਗੇ, ਉਤਸ਼ਾਹ ਅਤੇ ਪਰੇਰਨਾ ਭਰਪੂਰ ਥਾਪੜਾ ਦੇ ਕੇ ਪਹਿਲਾਂ ਨਾਲੋਂ ਵੀ ਵੱਧ ਸੇਵਾ ਲੈਂਦੇ ਰਹਿਣਗੇ । ਆਪਣਾ ਅਨੁਭਵ ਇੱਕ ਰੁਬਾਈ ਦੇ ਰੂਪ ਵਿੱਚ ਲਿਖਕੇ ਸਮਾਪਤ ਕਰਦਾ ਹਾਂ :

ਯਾਦ ਤੇਰੀ ਤੋਂ ਸਦਕੇ ਭਗਤਾ, ਜਿਹੜੀ ਪਰਉਪਕਾਰ ਸਿਖਾਵੇ ।
ਦੁਖੀਆਂ ਦੇ ਦੁੱਖ ਹਰਨ ਲਈ, ਬਾਰ ਬਾਰ ਉਕਸਾਵੇ ।
ਲੋੜਵੰਦਾਂ ਦੇ ਕੰਮ ਆਉਣ ਦਾ, ਇਹ ਜਜ਼ਬਾ ਕਰੇ ਉਜਾਗਰ
ਜਿਸ ਦੇ ਉਤੇ ਅਮਲ ਕੀਤਿਆਂ, ਸਿਰਜਣਹਾਰ ਚਿੱਤ ਆਵੇ ।

**GURBAKHASH SINGH SIVIA**
63 PEACOCK STREET, GRAVESEND
KENT (U.K) DA 12 1EG